ਵਿਸ਼ਾ: ਦੀ ਯੂਨਾਇਟਿਡ ਸਹਿਕਾਰੀ ਮਕਾਨ ਉਸਾਰੀ ਸਭਾ ਲਿਮਟਿਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੀ ਮੈਂਬਰਸ਼ਿਪ ਦੀ ਪੜਤਾਲ ਬਾਰੇ ।

ਵਿਸ਼ਾ ਅੰਕਿਤ ਸਭਾ ਦੇ ਸਬੰਧ ਵਿੱਚ ਸੰਖੇਪ ਵਿੱਚ ਸਥਿਤੀ ਇਸ ਤਰ੍ਹਾਂ ਹੈ ਕਿ ਇਹ ਸਭਾ ਮਿਤੀ 17.6.1987 ਨੂੰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਰੋਪੜ ਵੱਲੋਂ 15 ਫਾਂਊਂਡਰ ਮੈਂਬਰਾਂ ਨਾਲ ਰਜਿਸਟਰੇਸ਼ਨ ਨੰਬਰ 985 ਨਾਲ ਰਜਿਸਟਰ ਕੀਤੀ ਗਈ ਸੀ । ਸਮੇਂ ਸਮੇਂ ਤੇ ਇਸ ਸਭਾ ਵਿੱਚ ਨਵੇਂ ਮੈਂਬਰ ਭਰਤੀ ਕੀਤੇ ਜਾਂਦੇ ਰਹੇ ਜਾਂ ਪੁਰਾਣੇ ਮੈਂਬਰਾਂ ਦੀ ਥਾਂ ਤੇ ਨਵੇਂ ਮੈਂਬਰ ਭਰਤੀ ਕੀਤੇ ਜਾਂਦੇ ਰਹੇ । ਇਸ ਸਭਾ ਦੀ ਸਹੀ ਮੈਂਬਰਸ਼ਿਪ ਦਾ ਮਸਲਾ ਕਈ ਵਾਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ,ਚੰਡੀਗੜ੍ਹ, ਮਾਨਯੋਗ ਵਿੱਤੀ ਕਮਿਸ਼ਨਰ (ਸਹਿਕਾਰਤਾ), ਪੰਜਾਬ ਜੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੋਲ ਉਠਾਇਆ ਗਿਆ ਹੈ । ਸਭਾ ਦੇ ਰਜਿਸਟਰ ਹੋਣ ਤੋਂ ਹੀ ਇਸ ਸਭਾ ਵਿੱਚ ਚੁਣੀਆਂ ਹੋਈਆਂ ਪ੍ਰਬੰਧਕ ਕਮੇਟੀਆਂ ਰਹੀਆਂ ਹਨ ਜਾਂ ਫਿਰ ਇਹ ਸਭਾ ਵੱਖ-ਵੱਖ ਸਮੇਂ ਪ੍ਰਸ਼ਾਸਕਾਂ ਦੇ ਕੰਟਰੋਲ ਵਿੱਚ ਰਹੀ ਹੈ । ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਕੋਲ ਪਾਈ ਗਈ ਪਹਿਲੀ ਪਟੀਸ਼ਨ ਵਿੱਚ ਝਗੜੇ ਦਾ ਮੁੱਖ ਮੁੱਦਾ ਸਭਾ ਦੇ ਉਨ੍ਹਾਂ 356 ਮੈਂਬਰਾਂ ਦੀ ਜੋ, ਲਿਸਟ ਸਭਾ ਵੱਲੋਂ ਪੁੱਡਾ ਨੂੰ ਸਭਾ ਨੂੰ ਅਲਾਟ ਕੀਤੀ ਗਈ ਜਮੀਨ ਤੇ ਉਸਾਰੇ ਜਾਣ ਵਾਲੇ ਫਲੈਂਟਾ ਸਬੰਧੀ ਦਿਤੀ, ਦੀ ਜੇਨੂਅਨਨੈਸ ਬਾਰੇ ਉਠਾਇਆ ਗਿਆ ਸੀ, ਰ.ਸ.ਸ., ਪੰਜਾਬ ਵੱਲੋਂ ਇਸ ਕੇਸ ਦਾ ਫੈਸਲਾ ਮਿਤੀ 23.2.2000 ਨੂੰ ਕੀਤਾ ਗਿਆ ਅਤੇ ਰ.ਸ.ਸ. ਪੰਜਾਬ ਵੱਲੋਂ ਇੱਕ ਤਿੰਨ ਮੈਂਬਰੀ ਸਕਰੂਟਨੀ ਕਮੇਟੀ (ਪੜਤਾਲ ਕਮੇਟੀ) ਦਾ ਗਠਨ ਸਭਾ ਦੇ ਜੈਨੂਅਨ ਮੈਂਬਰਾ ਦੀ ਪੜਤਾਲ ਲਈ ਕੀਤਾ ਗਿਆ । ਰ.ਸ.ਸ., ਪੰਜਾਬ ਜੀ ਦੇ ਇਨ੍ਹਾਂ ਹੁਕਮਾਂ ਵਿਰੁੱਧ ਇੱਕ ਅਪੀਲ ਮਾਨਯੋਗ ਵਿੱਤੀ ਕਮਿਸ਼ਨਰ(ਸਹਿਕਾਰਤਾ), ਪੰਜਾਬ ਜੀ ਕੋਲ ਪਾਈ ਗਈ, ਜਿਸ ਦਾ ਫੈਸਲਾ ਮਾਨਯੋਗ ਵਿੱਤੀ ਕਮਿਸ਼ਨਰ(ਸਹਿਕਾਰਤਾ), ਪੰਜਾਬ ਜੀ ਵੱਲੋਂ ਮਿਤੀ 4.10.2000 ਨੂੰ ਕੀਤਾ ਗਿਆ ਅਤੇ ਇਸ ਵਿੱਚ ਰ.ਸ.ਸ. ਪੰਜਾਬ ਦੇ ਮਿਤੀ 23.2.2000 ਦੇ ਫੈਂਸਲੇ ਨੂੰ ਬਰਕਰਾਰ ਰੱਖਿਆ ਗਿਆ । ਇਸੇ ਸਮੇਂ ਦੌਰਾਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 16965 ਆਫ 2000 ਸਬੰਧੀ ਸੁਣਵਾਈ ਕਰਦੇ ਹੋਏ ਉਸ ਸਮੇਂ ਦੇ ਉਪ ਰਜਿਸਟਰਾਰ, ਸਹਿਕਾਰੀ ਸਭਾਵਾ, ਰੋਪੜ ਜੋ ਕਿ ਤਿੰਨ ਮੈਂਬਰੀ ਪੜਤਾਲ ਕਮੇਟੀ ਦੇ ਚੇਅਰਮੈਨ ਸਨ (ਜੋ ਕਮੇਟੀ ਰ.ਸ.ਸ., ਪੰਜਾਬ ਦੇ ਮਿਤੀ 23.2.2000 ਦੇ ਹੁਕਮਾ ਅਨੁਸਾਰ ਗਠਿਤ ਕੀਤੀ ਗਈ ਸੀ), ਨੂੰ ਮਿਤੀ 4.5.2001 ਨੂੰ ਹਦਾਇਤ ਕਰਕੇ ਆਪਣੀ ਪੜਤਾਲ ਰਿਪੋਰਟ ਮਿਤੀ 30.10.2001 ਨੂੰ ਜਾਂ ਇਸ ਤੋਂ ਪਹਿਲਾਂ ਮਾਨਯੋਗ ਕੋਰਟ ਵਿੱਚ ਪੇਸ਼ ਕਰਨ ਦੀ ਹਦਾਇਤ ਕੀਤੀ ਗਈ । ਇਸ ਪੜਤਾਲ ਕਮੇਟੀ ਵੱਲੋਂ ਮਿਥੀ ਮਿਤੀ ਨੂੰ ਆਪਣੀ ਰਿਪੋਰਟ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕਰ ਦਿੱਤੀ ਗਈ ਸੀ. ਮਾਨਯੋਗ ਕੋਰਟ ਵੱਲੋਂ ਇਹ ਪੜਤਾਲ ਰਿਪੋਰਟ ਆਪਣੇ ਰਿਕਾਰਡ ਤੇ ਰੱਖ ਕੇ ਉਕਤ ਸਿਵਲ ਰਿਟ ਪਟੀਸ਼ਨ ਦਾ ਨਿਪਟਾਰਾ ਹੁਕਮ ਮਿਤੀ 8.2.2002 ਰਾਹੀਂ ਕਰ ਦਿੱਤਾ ਗਿਆ ਅਤੇ ਇਹ ਨਿਰਦੇਸ਼ ਦਿੱਤੇ ਗਏ ਕਿ ਇਸ ਸਕਰੂਟਨੀ ਰਿਪੋਰਟ ਦੇ ਵਿਰੁੱਧ ਜੇਕਰ ਕੋਈ ਵਿਅੱਕਤੀ ਇਤਰਾਜ਼ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਅਜਿਹਾ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਸਨਮੁੱਖ ਪੇਸ਼ ਕਰ ਸਕਦਾ ਹੈ । ਰ.ਸ.ਸ., ਪੰਜਾਬ ਨੂੰ ਪਾਰਟੀਜ਼ ਨੂੰ ਸੁਣ ਕੇ ਇਤਰਾਜ਼ਾਂ ਸਬੰਧੀ ਫੈਸਲਾ ਲੈਣ ਦੀ ਹਦਾਇਤ ਵੀ ਕੀਤੀ ਗਈ । ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵੱਲੋਂ ਇੱਕ ਵਧੀਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਰਾਹੀਂ ਇਨ੍ਹਾਂ ਇਤਰਾਜ਼ਾਂ ਦੀ ਸੁਣਵਾਈ ਕੀਤੀ ਗਈ ਅਤੇ ਵਧੀਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਦੇ ਅਧਾਰ ਤੇ ਆਪਣੇ ਹੁਕਮ ਮਿਤੀ 31.5.2002 ਰਾਹੀਂ ਇਸ ਸਭਾ ਦੇ 231 ਮੈਂਬਰਾਂ ਨੂੰ ਹੀ ਸਭਾ ਦਾ ਜੇਨੂਅਨ ਮੈਂਬਰ ਘੋਸ਼ਿਤ ਕੀਤਾ ਗਿਆ ।

ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਦੇ ਮਿਤੀ 31.5.2002 ਦੇ ਇਨ੍ਹਾਂ ਹੁਕਮਾਂ ਵਿਰੁੱਧ ਵਿੱਤੀ ਕਮਿਸ਼ਨਰ(ਸਹਿਕਾਰਤਾ), ਪੰਜਾਬ ਕੋਲ ਪਟੀਸ਼ਨ ਪਾਈ ਗਈ ਅਤੇ ਵਿੱਤੀ ਕਮਿਸ਼ਨਰ(ਸਹਿਕਾਰਤਾ), ਪੰਜਾਬ ਜੀ ਵੱਲੋਂ ਆਪਣੇ ਹੁਕਮ ਮਿਤੀ 8.8.2003 ਰਾਹੀਂ ਰ.ਸ.ਸ., ਪੰਜਾਬ ਦੇ ਮਿਤੀ 31.5.2002 ਦੇ ਹੁਕਮਾਂ ਨੂੰ ਸੈਟ-ਅਸਾਇਡ ਕਰ ਦਿੱਤਾ ਅਤੇ ਰ.ਸ.ਸ., ਪੰਜਾਬ ਨੂੰ ਅੱਗੋ ਹਦਾਇਤ ਕੀਤੀ ਗਈ ਕਿ ਉਹ ਸਾਰੀ ਇਨਟਰਸਟਿਡ ਪਾਰਟੀਜ਼ ਨੂੰ ਪਬਲਿਕ ਨੋਟਿਸ ਰਾਹੀਂ ਇੱਕ ਹੋਰ ਮੌਕਾ ਉਨ੍ਹਾਂ ਦੀ ਸੁਣਵਾਈ ਕਰਨ ਲਈ ਦੇਣ । ਰ.ਸ.ਸ., ਪੰਜਾਬ ਨੂੰ ਇੱਕ ਪੜਤਾਲ ਕਮੇਟੀ ਜੋ ਕਿ ਵਧੀਕ ਰਜਿਸਟਰਾਰ(ਪ੍ਰਬੰਧ), ਸਹਿਕਾਰੀ ਸਭਾਵਾਂ, ਪੰਜਾਬ ਦੀ ਪ੍ਰਧਾਨਗੀ ਹੇਠ ਸਮੇਤ ਦੋ ਸੀਨੀਅਰ ਮੋਸਟ ਵਧੀਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਦੀ ਗਠਿਤ ਕਰਨ ਦੇ ਹੁਕਮ ਕਰਦੇ ਹੋਏ ਇਸ ਕਮੇਟੀ ਦੀ ਮਦਦ ਲੈਣ ਲਈ ਵੀ ਅਧਿਕਾਰਤ ਕੀਤਾ ਗਿਆ ਤਾਂ ਜੋ ਇਸ ਸਭਾ ਦੀ ਜੇਨੂਅਨ ਮੈਂਬਰਸ਼ਿਪ ਸਬੰਧੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਸਕੇ ।

ਵਿੱਤੀ ਕਮਿਸ਼ਨਰ, ਸਹਿਕਾਰਤਾ, ਪੰਜਾਬ ਜੀ ਦੇ ਇਹ ਹੁਕਮ ਵੀ ਸਿਵਲ ਰਿਟ ਪਟੀਸ਼ਨ ਨੰ: 16577 ਆਫ 2003 ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੈਲੰਜ ਕੀਤੇ ਗਏ। ਮਾਨਯੋਗ ਹਾਈ ਕੋਰਟ ਵੱਲੋ ਆਪਣੇ ਹੁਕਮ ਮਿਤੀ 20.11.2003 ਰਾਹੀ ਵਿੱਤੀ ਕਮਿਸ਼ਨਰ, ਸਹਿਕਾਰਤਾ, ਪੰਜਾਬ ਜੀ ਦੇ ਮਿਤੀ 8.8.2003 ਨੂੰ ਬਹਾਲ ਰੱਖਦੇ ਹੋਏ ਅਗੇ ਹਦਾਇਤਾਂ ਕੀਤੀਆਂ ਕਿ ਸਭਾ ਦੇ ਕਿਸੇ ਵੀ ਮੈਂਬਰ ਨੂੰ ਬਿਨ੍ਹਾਂ ਸੁਣੇ ਅਤੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤੇ ਬਿਨਾਂ ਗਠਿਤ ਕੀਤੀ ਗਈ ਪੜਤਾਲ ਕਮੇਟੀ ਵੱਲੋ ਕੋਈ ਵੀ ਰਿਪੋਰਟ ਪੇਸ਼ ਨਾ ਕੀਤੀ ਜਾਵੇ ਅਤੇ ਦਿੱਤੀਆਂ ਹਦਾਇਤਾਂ ਅਨੁਸਾਰ ਹੀ ਕਾਰਵਾਈ ਕਰਕੇ ਮਾਨਯੋਗ ਹਾਈਕੋਰਟ ਵਲੋ ਕੀਤੇ ਗਏ ਇਹਨਾਂ ਹੁਕਮਾਂ ਦੀ ਪਾਲਣਾ ਹੁਕਮਾਂ ਦੀ ਕਾਪੀ ਪ੍ਰਾਪਤ ਹੋਣ ਤੋ 4 ਮਹੀਨੇ ਦੇ ਵਿਚ-ਵਿਚ ਰਿਪੋਰਟ ਪੇਸ਼ ਕੀਤੀ ਜਾਵੇ। ਬਾਦ ਵਿਚ ਇਹ ਸਮਾਂ ਵਧਾਉਣ ਦੀ ਦਰਖਾਸਤ ਦੇਣ ਤੇ ਇਹ ਪੜਤਾਲ ਪ੍ਰਕਿਆ ਮੁਕੰਮਲ ਕਰਨ ਦਾ ਸਮਾਂ ਮਾਨਯੋਗ ਹਾਈਕੋਰਟ ਵਲੋ ਮਿਤੀ 31.7.2004 ਤੱਕ ਵਧਾ ਦਿੱਤਾ ਗਿਆ ।

ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋ ਹੋਏ ਹੁਕਮਾਂ ਦੀ ਪਾਲਣਾ ਵਿਚ ਸ੍ਰੀ ਆਲੋਕ ਸ਼ੇਖਰ, ਆਈ.ਏ.ਐਸ, ਵਧੀਕ ਰਜਿਸਟਰਾਰ (ਪ੍ਰਬੰਧ) ਸਹਿਕਾਰੀ ਸਭਾਵਾਂ, ਪੰਜਾਬ, ਅਤੇ ਸ੍ਰੀਮਤੀ ਹਰਬੰਸ ਕੌਰ ਬਾਹੀਆਂ ਵਧੀਕ, ਰਜਿਸਟਰਾਰ, (ਆਈ) ਸ/ਸ, ਪੰਜਾਬ ਅਤੇ ਸ੍ਰੀਮਤੀ ਸੁਮਨ ਰਾਣੀ ਬਾਂਸਲ, ਵਧੀਕ ਰਜਿਸਟਰਾਰ ਦੀ ਇਕ ਪੜਤਾਲ ਕਮੇਟੀ ਗਠਿਤ ਕੀਤੀ ਗਈ। ਇਸ ਪੜਤਾਲ ਕਮੇਟੀ ਵੱਲੋ ਵਿਸਥਾਰਤ ਪੜਤਾਲ ਕਰਕੇ ਅਤੇ ਸਬੰਧਤਾ ਨੂੰ ਆਪਣਾ ਪੱਖ/ਦਸਤਾਵੇਜ਼ ਆਦਿ ਪੇਸ਼ ਕਰਨ ਦਾ ਪੂਰਾ-2 ਮੌਕਾ ਦੇਣ ਉਪਰੰਤ ਅਤੇ ਸਭਾ ਵਲੋ ਪੜਤਾਲ ਲਈ ਉਪਲੱਬਧ ਕਰਵਾਏ ਗਏ ਰਿਕਾਰਡ ਦੇ ਅਧਾਰ ਤੇ ਅਤੇ ਸਭਾ ਦੇ ਬਾਈਲਾਜ਼ ਅਤੇ ਦੀ ਪੰਜਾਬ ਸਹਿਕਾਰੀ ਸਭਾਵਾਂ, ਐਕਟ 1961 ਅਤੇ ਰੂਲਜ਼ 1963 ਦੀਆਂ ਪ੍ਰੋਵੀਜ਼ਨਜ਼ ਨੂੰ ਵਿਚਾਰਦੇ ਹੋਏ ਆਪਣੀ ਸਕਰਿਊਟਨੀ ਰਿਪੋਰਟ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤੀ ਗਈ। ਜਿਸ ਬਾਰੇ ਰ.ਸ.ਸ, ਪੰਜਾਬ ਵਲੋ ਪੜਤਾਲ ਕਮੇਟੀ ਨੂੰ ਕੁਝ ਨੁਕਤਿਆਂ ਸਬੰਧੀ, ਸਪਸ਼ਟ ਕਰਨ ਦੀ ਹਦਾਇਤ ਕੀਤੀ ਗਈ ਜਿਸ ਸਬੰਧੀ ਪੜਤਾਲ ਕਮੇਟੀ ਵੱਲੋ ਆਪਣੀ ਸਪਲੀਮੈਟਰੀ ਰਿਪੋਰਟ ਰ.ਸ.ਸ ਪੰਜਾਬ ਨੂੰ ਪੇਸ਼ ਕੀਤੀ ਗਈ । ਰ.ਸ.ਸ, ਪੰਜਾਬ ਵਲੋ ਇਹ ਪੜਤਾਲ ਰਿਪੋਰਟਾਂ ਵਿਚਾਰਨ ਉਪਰੰਤ ਆਪਣੇ ਵਿਸਥਾਰਤ ਹੁਕਮ ਮਿਤੀ 31.7.2004 ਨੂੰ ਪਾਸ ਕੀਤੇ ਗਏ।

ਰ.ਸ.ਸ ਪੰਜਾਬ ਦੇ ਮਿਤੀ 31.7.2004 ਦੇ ਇਹਨਾਂ [illegible] ਸਬੰਧੀ ਵੀ ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ ਪੰਜਾਬ ਜੀ ਕੋਲ ਪਾਏ ਗਏ ਕੇਸ ਨੰ: ਕੋਆਪ: 115 ਆਫ [illegible] ਸੁਖਮੰਦਰ ਸਿੰਘ ਬਨਾਮ ਰ.ਸ.ਸ, ਪੰਜਾਬ ਅਤੇ ਹੋਰ ਵਿਚ ਮਾਨਯੋਗ ਐਫ.ਸੀ.ਸੀ ਜੀ ਵਲੋ ਆਪਣੇ ਅੰਤ੍ਰਿਮ ਹੁਕਮ ਮਿਤੀ 4.2.2005 ਰਾਹੀ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਨੂੰ ਹਦਾਇਤ ਕੀਤੀ ਕਿ ਸਭਾ ਵਿਚ ਜਨਵਰੀ 2004 ਤੋ ਮਾਰਚ 2004 ਦੇ ਵਕਫੇ ਦੋਰਾਨ ਨਵੇ ਭਰਤੀ ਕੀਤੇ ਗਏ 109 ਮੈਂਬਰਾਂ ਦੇ ਕਲੇਮਾਂ/ਮੈਂਬਰਸ਼ਿਪ ਦੀ ਜੈਨੂਅਨਨੈਸ ਪੜਤਾਲਣ ਲਈ ਇਕ ਪੜਤਾਲ ਕਮੇਟੀ ਦਾ ਗਠਨ ਕੀਤਾ ਜਾਵੇ ਜਿਵੇ ਕਿ

ਰਜਿਸਟਰਾਰ, ਸਹਿਕਾਰੀ ਸਭਾਵਾਂ, ਵੱਲੋ ਆਪਣੇ ਹੁਕਮ ਮਿਤੀ: 31.7.2004 ਵਿਚ ਇਹਨਾਂ ਮੈਬਰਾਂ ਸਬੰਧੀ ਜ਼ਿਕਰ ਕੀਤਾ ਗਿਆ ਹੈ ਅਤੇ ਨਾਲ ਹੀ ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ ਜੀ ਵਲੋ ਇਹ ਆਦੇਸ਼ ਵੀ ਜਾਰੀ ਕੀਤੇ ਗਏ ਕਿ ਸਭਾ ਕੋਈ ਨਵਾਂ ਮੈਬਰ ਭਰਤੀ ਨਾ ਕਰੇ ਅਤੇ ਨਾ ਹੀ ਅਲਾਟਮੈਂਟ ਸਬੰਧੀ, ਫੰਡ ਪ੍ਰਾਪਤ ਕਰਨ ਸਬੰਧੀ ਜਾ ਕੋਈ ਹੋਰ ਸਬੰਧਤ ਮਾਮਲੇ ਬਾਰੇ ਕੋਈ ਕਾਰਵਾਈ ਨਾ ਕਰੇ ਜਿਨ੍ਹਾਂ ਮੈਬਰਾਂ ਦੀ ਜੈਨੂਅਨਨੈਸ ਰ.ਸ.ਸ. ਪੰਜਾਬ ਵਲੋ ਆਪਣੇ ਮਿਤੀ: 31.7.2004 ਜਾ ਉਸ ਤੇ ਬਾਅਦ ਪਾਸ ਕੀਤੇ ਗਏ ਕਿਸੇ ਹੁਕਮ ਵਿਚ ਜੈਨੂਅਨ ਮੈਬਰ ਘੋਸ਼ਿਤ ਨਾ ਕੀਤਾ ਗਿਆ ਹੋਵੇ। ਵਿੱਤ ਕਮਿਸ਼ਨਰ ਸਹਿਕਾਰਤਾ ਜੀ ਦੇ ਇਹ ਹੁਕਮ ਪ੍ਰਸ਼ਾਸ਼ਕ ਸਭਾ, ਸਹਾਇਕ ਰਜਿਸਟਰਾਰ, ਸ/ਸ, ਮੁਹਾਲੀ ਅਤੇ ਉਪ-ਰਜਿਸਟਰਾਰ, ਸ/ਸ, ਰੋਪੜ ਨੂੰ ਸਖਤ ਅਤੇ ਇੰਨ-ਬਿੰਨ ਪਾਲਣਾ ਲਈ ਭੇਜ ਦਿੱਤੇ ਗਏ ਅਤੇ ਰ.ਸ.ਸ, ਪੰਜਾਬ ਵਲੋ ਹੋਏ ਹੁਕਮਾਂ ਦੀ ਪਾਲਣਾ ਵਿਚ ਮੁੜ ਉਹਨਾਂ ਹੀ ਅਧਿਕਾਰੀਆਂ (ਵਧੀਕ ਰਜਿਸਟਰਾਰ (ਪ੍ਰਬੰਧ) ਸ/ਸ, ਪੰਜਾਬ, ਵ.ਰ.ਸ.ਸ (ਆਈ) ਅਤੇ ਪ੍ਰਬੰਧਕ ਨਿਰਦੇਸ਼ਕ, ਵੀਵਕੋ) ਦੀ ਪੜਤਾਲ ਕਮੇਟੀ ਦਾ ਗਠਨ ਕਰ ਦਿੱਤਾ ਗਿਆ।

ਇਸ ਪੜਤਾਲ ਕਮੇਟੀ ਵੱਲੋ ਆਪਣੀ ਪੜਤਾਲ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਸਬੰਧਤਾਂ ਨੂੰ ਆਪਣੇ ਪੱਖ ਵਿਚ ਦਸਤਾਵੇਜ਼ ਆਦਿ ਪੇਸ਼ ਕਰਨ ਲਈ ਅਖਬਾਰ ਵਿਚ ਇਕ ਪਬਲਿਕ ਨੋਟਿਸ ਮਿਤੀ: 25.2.2006 ਜੋ ਕਿ ਮਿਤੀ: 28.2.2006 ਨੂੰ ਪ੍ਰਕਾਸ਼ਤ ਹੋਇਆ, ਜਿਸ ਵਿਚ ਹੋਏ ਹੁਕਮਾਂ ਅਨੁਸਾਨ ਇਹਨਾਂ 109 ਮੈਬਰਾਂ ਨੂੰ ਸੂਚਿਤ ਕੀਤਾ ਗਿਆ ਸੀ ਅਤੇ ਇਸ ਸਬੰਧੀ ਪੜਤਾਲ ਕਮੇਟੀ ਵੱਲੋ ਇਹਨਾਂ ਸਬੰਧਤ ਮੈਬਰਾਂ ਨੂੰ ਰਜਿਸਟਰਡ ਪੱਤਰਾਂ ਰਾਹੀ ਵੀ ਸੂਚਨਾਂ ਦਿੱਤੀ ਗਈ। ਇਸ ਨੋਟਿਸ ਵਿਚ ਸਬੰਧਤਾਂ ਨੂੰ ਲਿਖਿਆ ਗਿਆ ਕਿ ਉਹ ਆਪਣੀ ਮੈਬਰਸ਼ਿਪ ਦੇ ਸਬੂਤ ਵਜੋ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਤਸਦੀਕ ਸ਼ੁਦਾਂ ਫੋਟੋ ਕਾਪੀਆਂ ਸਮੇਤ ਕਾਰਜਕਾਰੀ ਮੈਜਿਸਟਰੇਟ ਤੋ ਤਸਦੀਕ ਸ਼ੁਦਾਂ ਹਲਫੀਆਂ ਬਿਆਨ ਲਗਾਕੇ ਇਸ ਪੜਤਾਲ ਕਮੇਟੀ ਪਾਸ 15 ਦਿਨਾਂ ਦੇ ਅੰਦਰ-2 ਪੇਸ਼ ਕਰਨ ਲਈ ਸੂਚਿਤ ਕੀਤਾ ਗਿਆ :

1. ਮੈਬਰਸ਼ਿਪ ਰਸੀਦ।
2. ਮੈਬਰਸ਼ਿਪ ਸਰਟੀਫਿਕੇਟ
3. ਸਭਾ ਪਾਸ ਜਮ੍ਹਾਂ ਕਰਵਾਈਆਂ ਗਈਆਂ ਰਕਮਾਂ ਦੀਆਂ ਰਸੀਦਾਂ।
4. ਭਰਤੀ ਹੋਣ ਸਮੇ ਰਿਹਾਇਸ਼ ਦਾ ਸਬੂਤ
5. ਮੌਜੂਦਾ ਰਿਹਾਇਸ਼ ਦਾ ਸਬੂਤ ਸਮੇਤ ਟੈਲੀਫੋਨ ਨੰਬਰ।
6. ਸ਼ਨਾਖਤ ਸਬੰਧੀ ਸਬੂਤ।
7. ਅਗਰ ਹਿੱਸੇਦਾਰੀ ਕਿਸੇ ਮੈਬਰ ਤੋ ਟਰਾਂਸਫਰ ਕਰਵਾਈ ਹੈ ਤਾਂ ਉਸ ਮੈਬਰ ਦੀ ਮੈਬਰਸ਼ਿਪ ਸਬੰਧੀ ਸਬੂਤ ਜਾਂ ਕੋਈ ਹੋਰ ਸਬੂਤ।

ਪੜਤਾਲ ਕਮੇਟੀ ਦੀ ਅਗਲੀ ਮਿਤੀ: 23.3.2006 ਨੂੰ ਮੁੱਖ ਦਫਤਰ ਵਿਖੇ ਹੋਈ ਜਿਸ ਵਿੱਚ ਪਿਛਲੀਆਂ ਮੀਟਿੰਗਾਂ ਵਿਚ ਫੈਸਲਿਆਂ ਦੀ ਪਾਲਣਾ ਨੂੰ ਵਿਚਾਰਿਆਂ ਗਿਆ ਅਤੇ ਇਸੇ ਦੌਰਾਨ ਸਭਾ ਦੀ ਪ੍ਰਬੰਧਕ ਕਮੇਟੀ ਦੀ ਮਿਆਦ ਮਿਤੀ 4.3.2006 ਨੂੰ ਖਤਮ ਹੋ ਗਈ ਸੀ ਅਤੇ ਉਪ-ਰਜਿਸਟਰਾਰ, ਸ/ਸ, ਰੋਪੜ ਵੱਲੋ ਸਭਾ ਵਿਚ ਪ੍ਰਸ਼ਾਸ਼ਕ ਵੱਜੋ ਸਹਾਇਕ ਰਜਿਸਟਰਾਰ, ਸ/ਸ, ਖਰੜ ਦੀ ਨਿਯੁਕਤੀ ਕਰ ਦਿੱਤੀ ਗਈ। ਰ.ਸ.ਸ ਪੰਜਾਬ ਕੋਲ ਕਈ ਸ਼ਿਕਾਇਤਾਂ ਪ੍ਰਾਪਤ ਹੋਈਆ ਜਿਸ ਵਿਚ ਦੋਸ਼ ਲਗਾਏ ਗਏ ਸਨ ਕਿ ਹੁਣ ਵੀ ਪਹਿਲੀ ਪ੍ਰਬੰਧਕ ਕਮੇਟੀ ਵਲੋ ਕੁਝ ਲੋਕਾਂ ਨੂੰ ਲਾਭ ਦੇਣ ਲਈ ਰਿਕਾਰਡ ਵਿਚ ਭੰਨ-ਤੋੜ ਕਰਕੇ ਕਬਜ਼ਾਂ ਪੱਤਰ ਜਾਰੀ ਕੀਤੇ ਜਾ ਰਹੇ ਹਨ। ਜਿਸ ਸਬੰਧੀ ਪੜਤਾਲ ਕਰਨ ਲਈ ਵਧੀਕ ਰਜਿਸਟਰਾਰ (ਪ੍ਰਬੰਧ) ਨੂੰ ਮਾਮਲਾ ਪੜਤਾਲਣ ਦੇ ਹੁਕਮ ਕੀਤੇ ਗਏ ਅਤੇ ਇਹ ਪਾਇਆ ਗਿਆ ਕਿ ਉਪ-ਰਜਿਸਟਰਾਰ, ਸ/ਸ. ਰੋਪੜ ਵੱਲੋ

ਕੀਤੇ ਹੁਕਮਾਂ ਦੀ ਪਾਲਣਾ ਸਹਾਇਕ ਰਜਿਸਟਰਾਰ, ਸ/ਸ, ਖਰੜ ਅਤੇ ਨਰੀਖਕ ਇੰਚਾਰਜ ਸਭਾ ਵੱਲੋ ਨਹੀ ਕੀਤੀ ਗਈ ਸੀ ਅਤੇ ਸਭਾ ਦਾ ਰਿਕਾਰਡ ਹਾਲੇ ਵੀ ਸਭਾ ਦੀ ਪਹਿਲੀ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿਚ ਸੀ । ਇਸ ਸਬੰਧੀ ਐਸ.ਐਸ.ਪੀ ਰੋਪੜ ਨੂੰ ਵੀ ਇਸ ਕੇਸ ਸਬੰਧੀ ਯੋਗ ਕਾਰਵਾਈ ਕਰਨ ਦੀ ਬੇਨਤੀ ਕੀਤੀ ਗਈ। ਕਿਉਂਕਿ ਸਭਾ ਦਾ ਮਹੱਤਵਪੂਰਨ ਰਿਕਾਰਡ ਪ੍ਰਾਪਤ ਨਹੀ ਹੋ ਰਿਹਾ ਸੀ ਅਤੇ ਵਿਭਾਗ ਵੱਲੋ ਇਸ ਸਾਰੇ ਮਾਮਲੇ ਵਿਚ ਮਿਲੀ-ਭੁਗਤ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਸ੍ਰੀ ਬਲਦੇਵ ਸਿੰਘ, ਨਰੀਖਕ ਇੰਚਾਰਜ ਸਭਾ ਅਤੇ ਸ੍ਰੀ ਸੁਖਦੇਵ ਸਿੰਘ, ਸ/ਰ, ਸ/ਸ, ਖਰੜ, (ਪ੍ਰਸ਼ਾਸਕ ਸਭਾ ) ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਸ੍ਰੀ ਦਲਬੀਰ ਸਿੰਘ, ਸ/ਰ, ਸ/ਸ, ਰੋਪੜ ਨੂੰ ਸਭਾ ਦਾ ਨਵਾਂ ਪ੍ਰਸ਼ਾਸਕ ਅਤੇ ਸ੍ਰੀ ਨਰਿੰਦਰ ਕੁਮਾਰ ਪੁਰੀ, ਨਰੀਖਕ ਨੂੰ ਸਭਾ ਦਾ ਨਵਾਂ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਤਰਾਂ ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ ਪੰਜਾਬ ਜੀ ਦੇ ਅੰਤ੍ਰਿਮ ਹੁਕਮਾਂ ਦੀ ਮੁਕੰਮਲ ਪਾਲਣਾ ਕਰਾਉਣ ਅਤੇ ਇਸ ਸਭਾ ਦੇ ਕੰਮਕਾਰ ਵਿਚ ਕੀਤੀਆਂ ਜਾ ਰਹੀਆਂ ਗੰਭੀਰ ਅਣਗਹਿਲੀਆਂ/ਘੋਰ ਉਣਤਾਈਆਂ ਨੂੰ ਰੋਕਣ ਪ੍ਰਤੀ ਪੜਤਾਲ ਕਮੇਟੀ ਜਾਗਰੂਕ ਰਹੀ ਅਤੇ ਪੜਤਾਲ ਕਮੇਟੀ ਵਲੋ ਆਮ ਜਨਤਾ ਨੂੰ "ਚਿਤਾਵਨੀ ਨੋਟਿਸ" ਅਖਬਾਰ ਵਿਚ ਪ੍ਰਕਾਸ਼ਤ ਕਰਵਾਕੇ ਪੜਤਾਲ ਦੀ ਪ੍ਰਕ੍ਰਿਆ ਮੁਕੰਮਲ ਹੋਣ ਤੱਕ ਸੁਚੇਤ ਰਹਿਣ ਲਈ ਜਾਣਕਾਰੀ ਦਿੱਤੀ ਗਈ। ਇਹ ਚਿਤਾਵਨੀ ਨੋਟਿਸ ਅਖਬਾਰ ਵਿਚ ਮਿਤੀ 16.3.2005 ਨੂੰ ਪ੍ਰਕਾਸ਼ਤ ਕਰਵਾਇਆ ਗਿਆ ਅਤੇ ਪੜਤਾਲ ਕਮੇਟੀ ਵੱਲੋ ਸਭਾ ਵਿਚ ਕਿਸੇ ਵੀ ਬੇਨਿਯਮੀ ਨੂੰ ਰੋਕਣ ਲਈ ਲੋੜੀਂਦੀ ਕਾਰਵਾਈ ਕੀਤੀ ਗਈ। ਪੜਤਾਲ ਕਮੇਟੀ ਵਲੋ ਇਹ ਵੀ ਨਿਰਣਾ ਲਿਆ ਗਿਆ ਕਿ ਪ੍ਰਾਪਤ ਹੋਏ ਕਲੇਮਾਂ ਸਬੰਧੀ ਸਬੰਧਤਾਂ ਨੂੰ ਨਿੱਜੀ ਤੋਰ ਤੇ ਬੁਲਾਕੇ ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਇਸ ਮੰਤਵ ਲਈ ਮਿਤੀ 8.4.2006 ਨੂੰ ਸਵੇਰੇ 9.30 ਵਜੇ ਇਸ ਸਭਾ ਦੀ ਸਾਇਟ ਤੇ ਪੜਤਾਲ ਕਮੇਟੀ ਦੀ ਅਗਲੀ ਮੀਟਿੰਗ ਰੱਖੀ ਗਈ।

ਪੜਤਾਲ ਕਮੇਟੀ ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ, ਪੰਜਾਬ ਵੱਲੋ ਰਵੀਜਨ ਪਟੀਸ਼ਨ ਨੰ: ਕੋਆਪ, 175 ਆਫ 2001 ਵਿੱਚ ਮਿਤੀ: 26.12.2003 ਨੂੰ ਇਸ ਮਾਨਯੋਗ ਅਦਾਲਤ ਵੱਲੋ ਕੀਤੇ ਗਏ ਫੈਸਲੇ ਦਾ ਜਿਕਰ ਆਪਣੀ ਰਿਪੋਰਟ ਵਿਚ ਕੀਤਾ ਜਾਂਦੀ ਹੈ। ਜਿਸ ਵਿੱਚ ਹੁਕਮ ਕਰਦੇ ਹੋਏ ਸਭਾ ਦੀ ਚੁਣੀ ਗਈ ਪ੍ਰਬੰਧਕ ਕਮੇਟੀ ਨੂੰ ਬਹਾਲ ਕਰ ਦਿੱਤਾ ਗਿਆ ਸੀ ਅਤੇ ਇਹ ਵੀ ਹੁਕਮ ਕੀਤੇ ਗਏ ਸਨ ਕਿ ਸਭਾ ਵਿਚ ਨਵੇ ਮੈਂਬਰ ਭਰਤੀ ਕਰਨ ਤੇ ਕੋਈ ਪਾਬੰਦੀ ਨਹੀ ਹੋਵੇਗੀ। ਜੇਕਰ ਉਹ ਮੈਂਬਰ ਕਾਨੂੰਨ ਅਨੁਸਾਰ ਮੈਂਬਰ ਬਣ ਸਕਦਾ ਹੋਵੇ। ਪਰੰਤੂ ਇਹਨਾਂ ਹੁਕਮਾਂ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਸੀ ਕਿ ਜੇਕਰ ਸਭਾ ਦੀ ਮੈਂਬਰਸ਼ਿਪ ਸਬੰਧੀ ਪੜਤਾਲ ਮੁਕੰਮਲ ਹੋਣ ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਭਾ ਦੀ ਚੋਣ ਵਿਚ ਜਾਲ ਮੈਂਬਰਾਂ ਜਾਂ ਫਰਜ਼ੀ ਮੈਂਬਰਾਂ ਨੇ ਭਾਗ ਲਿਆ ਹੈ ਤਾਂ ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ ਜੀ ਦੇ ਹੁਕਮ ਅਨੁਸਾਰ ਬਹਾਲ ਕੀਤੀ ਗਈ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਤੋਰ ਤੇ ਜੋ ਵੀ ਨਤੀਜਾ ਹੋਵੇਗਾ ਉਹ ਭੁਗਤਨਾ ਪਵੇਗਾ।

ਪੜਤਾਲੀਆਂ ਕਮੇਟੀ ਵਲੋ ਜਨਵਰੀ 2004 ਤੋ ਮਾਰਚ 2004 ਤੱਕ ਸਭਾ ਵੱਲੋ ਨਵੇ ਬਣਾਏ ਗਏ ਮੈਂਬਰਾਂ ਦੀ ਪੜਤਾਲ ਬਕਾਇਦਾ ਰੂਪ ਵਿਚ ਕੀਤੀ ਗਈ। ਕੁੱਲ 109 ਮੈਂਬਰਾਂ ਵਿਚੋ **62** ਮੈਂਬਰ ਮਿਤੀ 8.4.2006 ਨੂੰ ਹਾਜ਼ਰ ਆਏ ਅਤੇ ਹਰੇਕ ਮੈਂਬਰ ਪਾਸੋ ਸ਼ਨਾਖਤ ਦਾ ਸਬੂਤ ਮੰਗਿਆ ਗਿਆ। ਹਾਜ਼ਰ ਆਏ ਮੈਂਬਰਾਂ ਪਾਸੋ ਮੌਜੂਦਾ ਦਸਤਾਵੇਜ਼ ਪੇਸ਼ ਕੀਤੇ ਗਏ। ਸਾਰੇ 100 ਮੈਂਬਰਾਂ ਦੀ ਮੈਂਬਰਸ਼ਿਪ ਜਨਵਰੀ 2004 ਤੋ ਮਾਰਚ 2004 ਤੱਕ ਕੀਤੀ ਗਈ ਹੈ ਅਤੇ ਲੱਗਭਗ ਸਾਰੇ ਮੈਂਬਰਾਂ ਨੂੰ ਟਰਾਂਸਫਰ ਰਾਹੀ ਮੈਂਬਰ ਬਣਾਇਆ ਗਿਆ ਹੈ। ਨਾਲ ਨੱਥੀ ਪ੍ਰੋਫਾਰਮੇ ਵਿਚ ਕਾਲਮ ਨੰ: 7 ਵਿਚ ਨਵੇ ਭਰਤੀ ਕੀਤੀ ਗਏ ਮੈਂਬਰਾਂ ਦੇ ਮੈਂਬਰਸ਼ਿਪ ਨੰਬਰ ਦਰਸਾਏ ਗਏ ਹਨ। ਪੜਤਾਲੀਆਂ ਕਮੇਟੀ ਵਲੋ ਪਹਿਲੇ ਮੈਂਬਰ ਜਿਨ੍ਹਾਂ ਦੀ ਜਗ੍ਹਾਂ ਤੇ ਨਵੇ ਮੈਂਬਰ ਭਰਤੀ ਕੀਤੀ ਗਏ ਹਨ ਦਾ ਵੇਰਵਾ ਵੀ ਪ੍ਰੋਫਾਰਮਾ ਏ ਕਾਲਮ ਨੰਬਰ: 5 ਵਿਚ ਦਰਸਾਇਆ ਗਿਆ ਹੈ। ਰਿਕਾਰਡ ਦੀ ਘੋਖ ਕਰਨ ਤੇ ਪਤਾ ਲੱਗਾ ਹੈ ਕਿ ਜਿਹੜੇ ਮੈਂਬਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋ (206) ਮਿਤੀ: 31.7.2004 ਨੂੰ ਜੈਨੂਅਨ ਘੋਸ਼ਿਤ ਕੀਤੇ ਗਏ ਸਨ ਉਹਨਾਂ ਵਿਚੋ ਕਿਸੇ ਵੀ ਮੈਂਬਰ ਦੀ ਜਗ੍ਹਾਂ ਤੇ ਨਵੇ ਮੈਂਬਰ ਨਹੀ ਬਣਾਏ ਗਏ। ਬਲਕਿ

ਸ.ਸ. ਪੰਜਾਬ ਜੀ ਵਲੋ ਘੋਸ਼ਿਤ ਕੀਤੇ ਨਾਨ-ਜੈਨੂਅਨ ਮੈਂਬਰਾਂ ਦੀ ਜਗ੍ਹਾਂ ਤੇ ਸਭਾ ਵਲੋ ਜਨਵਰੀ 2004 ਤੋ ਮਾਰਚ 2004 ਵਿਚ ਨਵੇ ਮੈਂਬਰ ਬਣਾਏ ਗਏ ਹਨ। ਭਾਵੇ ਇਹਨਾਂ 109 ਮੈਂਬਰਾਂ ਵੱਲੋ ਲੱਗਭਗ ਸਾਰਿਆਂ ਨੇ ਹੀ ਫਲੈਟ ਲੈਣ ਲਈ ਇਕ ਲੱਖ ਰੁਪਏ ਤੋ ਲੈਕੇ 12 ਲੱਖ ਰੁਪਏ ਤੱਕ ਦੀ ਰਕਮ ਜਮਾਂ ਕਰਵਾਈ ਹੋਈ ਹੈ, ਪਰੰਤੂ ਇਹਨਾਂ ਸਾਰੇ ਨਵੇ ਭਰਤੀ ਕੀਤੀ ਮੈਂਬਰਾਂ ਨੂੰ ਜੈਨੂਅਨ ਘੋਸ਼ਿਤ ਕਰਨਾ ਸੰਭਵ ਨਹੀ। ਪੜਤਾਲ ਦੌਰਾਨ ਇੱਕ ਤੱਥ ਹੋਰ ਸਾਹਮਣੇ ਆਇਆ ਹੈ ਕਿ ਸਭਾ ਦੇ ਪ੍ਰਧਾਨ ਅਤੇ ਸਕੱਤਰ ਵੱਲੋ ਮਾਰਚ 2004 ਤੋ ਬਾਦ ਵੀ ਫਰਵਰੀ 2005 ਤੱਕ ਲੋਕਾਂ ਪਾਸੋ ਭਾਰੀ ਰਕਮ ਵਸੂਲ ਕਰਕੇ ਨਵੇ ਮੈਂਬਰ ਬਣਾਏ ਹਨ, ਜਿਨ੍ਹਾਂ ਦੀ ਪੜਤਾਲ ਦਫਤਰ ਵੱਲੋ ਵੱਖਰੇ ਤੌਰ ਤੇ ਕੀਤੀ ਜਾ ਰਹੀ ਹੈ।

ਮਾਨਯੋਗ ਵਿੱਤੀ ਕਮਿਸ਼ਨਰ, ਸਹਿਕਾਰਤਾ ਜੀ ਦੇ ਹੁਕਮ ਮਿਤੀ: 4.2.2005 ਦੇ ਪਾਲਣਾ ਵਿਚ ਉਪਰੋਕਤ ਰਿਪੋਰਟ ਪੇਸ਼ ਹੈ ਅਤੇ ਇਹ ਤੱਥ ਦੁਹਰਾਇਆ ਜਾਂਦਾ ਹੈ ਕਿ 109 ਨਵੇ ਮੈਂਬਰ ਜਿਹੜੇ ਕਿ ਜਨਵਰੀ ਤੋ ਮਾਰਚ 2004 ਤੱਕ ਇਨਰੋਲ ਕੀਤੇ ਗਏ ਵਿਚੋ ਕੋਈ ਵੀ ਮੈਂਬਰ ਜੈਨੂਅਨ ਸਾਬਤ ਨਹੀ ਹੁੰਦਾ।

2.5.05

( ਕੇ. ਐਸ. ਪਾਲਨੇ )
ਵਧੀਕ ਰਜਿਸਟਰਾਰ(ਡੀ)
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ
( ਮੈਂਬਰ, ਪੜਤਾਲ ਕਮੇਟੀ )

( ਐਸ.ਆਰ. ਬਾਂਸਲ )
ਐਮ.ਡੀ., ਵੀਵਕੋ,ਪੰਜਾਬ,
(ਵਧੀਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,)
(ਮੈਂਬਰ ਪੜਤਾਲ ਕਮੇਟੀ)

( ਰਮਿੰਦਰ ਸਿੰਘ )ਆਈ.ਏ.ਐਸ.
ਵਧੀਕ ਰਜਿਸਟਰਾਰ,(ਪ੍ਰਬੰਧ),
ਸਹਿਕਾਰੀ ਸਭਾਵਾਂ, ਪੰਜਾਬ,ਚੰਡੀਗੜ੍ਹ
( ਚੇਅਰਮੈਨ, ਪੜਤਾਲ ਕਮੇਟੀ )

Attested